# ਦਫ਼ਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫ਼ਰੀਦਕੋਟ

## ਨੋਟਿਸ

ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ (ਲੀਗਲ ਏਡ ਕਲੀਨਿਕ) ਰੈਗੂਲੇਸ਼ਨਜ਼-2011 ਦੇ ਤਹਿਤ ਜ਼ਿਲ੍ਹਾ ਫ਼ਰੀਦਕੋਟ ਵਿਖੇ ਪੈਰਾ ਲੀਗਲ ਵਲੰਟੀਅਰਜ਼ ਦੀ ਨਿਯੁਕਤੀ ਕੀਤੀ ਜਾਣੀ ਹੈ। ਇਸ ਸਬੰਧ ਵਿੱਚ ਯੋਗ ਉਮੀਦਵਾਰਾਂ ਤੋਂ ਸਾਦੇ ਕਾਗਜ਼/ਦਿੱਤੇ ਗਏ ਪ੍ਰੋਫਾਰਮੇ ਉੱਪਰ ਅਰਜ਼ੀਆਂ ਦੀ ਮੰਗ ਮਿਤੀ 17.11.2025 ਤੱਕ ਕੀਤੀ ਜਾਂਦੀ ਹੈ । ਯੋਗ ਉਮੀਦਵਾਰ ਆਪਣੀਆਂ ਅਰਜੀਆਂ ਨਿਮਨਹਸਤਾਖਰ ਦੇ ਦਫ਼ਤਰ ਵਿਖੇ ਮਿਤੀ 17.11.2025 ਨੂੰ ਸ਼ਾਮ 5 ਵਜੇ ਤੱਕ ਜਮ੍ਹਾਂ ਕਰਵਾ ਸਕਦੇ ਹਨ ।

**ਘੱਟੋਂ ਘੱਟ ਵਿੱਦਿਅਕ ਯੋਗਤਾ** :- ਮੈਟ੍ਰਿਕ ਅਤੇ ਪੰਜਾਬੀ ਭਾਸ਼ਾ ਦੀ ਜਾਣਕਾਰੀ ਮੈਟ੍ਰਿਕ ਤੱਕ ਹੋਵੇ।

**ਅਰਜ਼ੀ ਦੇਣ ਦੀ ਆਖਰੀ ਮਿਤੀ** :- 17.11.2025 (ਦਫ਼ਤਰੀ ਸਮੇਂ ਸ਼ਾਮ 05:00 ਵਜੇ ਤੱਕ)

**ਸਥਾਨ** :- ਏ. ਡੀ. ਆਰ. ਸੈਂਟਰ, ਕੋਰਟ ਕੰਪਲੈਕਸ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫ਼ਰੀਦਕੋਟ ।

**ਭੱਤਾ** :- ਇੱਥੇ ਇਹ ਦੱਸਣਯੋਗ ਹੈ ਕਿ ਪੈਰਾ ਲੀਗਲ ਵਲੰਟੀਅਰਜ਼ ਨੂੰ ਕੋਈ ਪੱਕੀ ਤਨਖਾਹ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫ਼ਰੀਦਕੋਟ ਵੱਲੋਂ 800/- ਰੁਪਏ ਪ੍ਰਤੀ ਦਿਨ ਡਿਊਟੀ ਦੌਰਾਨ ਕਾਰਗੁਜ਼ਾਰੀ ਦੇ ਹਿਸਾਬ ਨਾਲ ਮਾਣਭੱਤਾ ਦਿੱਤਾ ਜਾਵੇਗਾ।

**ਪੈਰਾ ਲੀਗਲ ਵਲੰਟੀਅਰਜ਼ ਦੇ ਕੰਮ** :- ਕਾਨੂੰਨੀ ਜਾਗਰੂਕਤਾ ਫੈਲਾਉਣਾ, ਸਮਾਜ ਵਿਚ ਹੋ ਰਹੀਂ ਕਿਸੇ ਵੀ **(ਸੰਖੇਪ ਵਿੱਚ) ਕੁਰੀਤੀਆਂ**/ਵਧੀਕੀਆਂ ਦੀ ਰਿਪੋਰਟ ਕਰਨਾ; ਮੁਫ਼ਤ ਕਾਨੂੰਨੀ ਸਹਾਇਤਾ ਦਿਵਾਉਣਾ; ਲੋੜਵੰਦ ਵਿਅਕਤੀਆਂ ਦੀ ਮਦਦ ਕਰਨਾ; ਜਨ ਸਾਧਾਰਨ ਨੂੰ ਲੋਕ ਅਦਾਲਤਾਂ, ਮਿਡੀਏਸ਼ਨ ਸੈਂਟਰ ਅਤੇ ਸਥਾਈ ਲੋਕ ਅਦਾਲਤ ਦੀ ਜਾਣਕਾਰੀ ਦੇਣਾ; ਲੀਗਲ ਏਡ ਕਲੀਨਿਕ ਚਲਾਉਣਾ ਅਤੇ ਫਰੰਟ ਆਫ਼ਿਸ ਦੀ ਡਿਊਟੀ ਨਿਭਾਉਣਾ ਆਦਿ।

**ਗਰੁੱਪ/ਵਿਅਕਤੀ ਜਿਨ੍ਹਾਂ ਵਿਚੋਂ ਪੈਰਾ ਲੀਗਲ ਵਲੰਟੀਅਰਜ਼ ਚੁਣੇ ਜਾਣਗੇ:**

1) ਅਧਿਆਪਕ (ਸਮੇਤ ਰਿਟਾਇਰਡ ਅਧਿਆਪਕ)
2) ਰਿਟਾਇਰਡ ਸਰਕਾਰੀ ਮੁਲਾਜ਼ਮ ਅਤੇ ਸੀਨੀਅਰ ਸਿਟੀਜਨ
3) ਐੱਮ.ਐੱਸ.ਡਬਲਿਊ ਦੇ ਵਿਦਿਆਰਥੀ ਅਤੇ ਅਧਿਆਪਕ
4) ਆਂਗਣਵਾੜੀ ਵਰਕਰਜ਼
5) ਡਾਕਟਰ/ਫਿਸੀਜੀਅਨਜ਼
6) ਗੈਰ-ਸਿਆਸੀ ਵਿਅਕਤੀ, ਐਨ.ਜੀ.ਓ. ਅਤੇ ਕਲੱਬ
7) ਔਰਤਾਂ ਦੇ ਸਵੈ-ਹੈਲਪ ਗਰੁੱਪ ਅਤੇ ਹੋਰ ਸ਼੍ਰੇਣੀਆਂ ਨਾਲ ਸਬੰਧਤ ਸਵੈ-ਹੈਲਪ ਗਰੁੱਪ

8) ਪੜ੍ਹੇ-ਲਿਖੇ ਕੈਦੀ (ਚੰਗੇ ਆਚਰਣ ਵਾਲੇ) ਜੋ ਕਿ ਲੰਬੇ ਸਮੇਂ ਤੋਂ ਸਜਾ ਭੁਗਤ ਰਹੇ ਹਨ

9) ਕੋਈ ਵੀ ਅਜਿਹਾ ਵਿਅਕਤੀ ਜੋ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਸਬ ਡਵੀਜਨ ਲੀਗਲ ਸਰਵਿਸਜ਼ ਅਥਾਰਟੀ ਵੱਲੋਂ ਯੋਗ ਪਾਇਆ ਜਾਵੇਗਾ/ਜਾਵੇਗੀ।

Chaudhary

ਸਿਵਲ ਜੱਜ (ਸੀ.ਡ.)/
ਸੀ.ਜੇ.ਐੱਮ.-ਸਾਹਿਤ-ਸਕੱਤਰ,
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਫ਼ਰੀਦਕੋਟ (ਡਿਊਟੀ)

ਪਿੱਠ ਅੰਕਣ ਨੰਬਰ 4420 ਮਿਤੀ 13-11-2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1) ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਸਾਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫ਼ਰੀਦਕੋਟ।
2) ਚੇਅਰਮੈਨ, ਸਬ ਡਵੀਜਨਲ ਲੀਗਲ ਸਰਵਿਸਜ਼ ਕਮੇਟੀ, ਜੈਤੋ ਜੀਆਂ ਨੂੰ ਸੂਚਨਾ ਹਿੱਤ।
3) ਸੁਪਰਡੈਂਟ, ਕੇਂਦਰੀ ਜੇਲ੍ਹ, ਫ਼ਰੀਦਕੋਟ ਨੂੰ ਸੂਚਨਾ ਹਿੱਤ।
4) ਡੀ.ਡੀ.ਪੀ.ਓ, ਫ਼ਰੀਦਕੋਟ (ਜ਼ਿਲ੍ਹੇ ਦੀਆਂ ਪੰਚਾਇਤਾਂ ਨੂੰ ਸੂਚਿਤ ਕਰਨ ਬਾਰੇ)।
5) ਸਿਸਟਮ ਅਫ਼ਸਰ, ਫ਼ਰੀਦਕੋਟ ਨੂੰ ਯੋਗ ਕਾਰਵਾਈ ਹਿੱਤ।

Chaudhary

ਸਿਵਲ ਜੱਜ (ਸੀ.ਡ.)/ ਸੀ.ਜੇ.ਐੱਮ.
-ਸਾਹਿਤ
ਸਕੱਤਰ,
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਫ਼ਰੀਦਕੋਟ (ਡਿਊਟੀ)

# ਪੈਰਾ ਲੀਗਲ ਵਲੰਟੀਅਰਜ਼ ਦਾ ਪ੍ਰੋਫਾਰਮਾ

Affix 2 latest passport size photographs

1. ਨਾਮ :
2. ਪਿਤਾ/ਪਤੀ ਦਾ ਨਾਮ :
3. ਜਨਮ ਦੀ ਮਿਤੀ (dd/mm/yyyy) :
4. ਪੱਕਾ ਪੂਰਾ ਪਤਾ :
5. ਵਿੱਦਿਅਕ ਯੋਗਤਾ :
6. ਕੈਟਾਗਿਰੀ (SC/BC/General) :
7. ਫੋਨ/ਮਬਾਇਲ ਨੰਬਰ :
8. Whatsapp Mobile ਨੰਬਰ :
9. ਈ-ਮੇਲ ID :
10. ਆਧਾਰ ਕਾਰਡ ਨੰਬਰ :
11. **ਹੇਠ ਦਰਸਾਏ ਗਏ ਵਿਚੋਂ ਆਪ ਕਿਸ ਕਿੱਤੇ ਨਾਲ ਸਬੰਧ ਰੱਖਦੇ ਹੋ?**

- ਅਧਿਆਪਕ (ਸਮੇਤ ਰਿਟਾਇਰਡ ਅਧਿਆਪਕ)
- ਰਿਟਾਇਰਡ ਸਰਕਾਰੀ ਮੁਲਾਜ਼ਮ ਅਤੇ ਸੀਨੀਅਰ ਸਿਟੀਜਨ
- ਐੱਮ.ਐੱਸ. ਡਬਲਿਊ ਦੇ ਵਿਦਿਆਰਥੀ ਅਤੇ ਅਧਿਆਪਕ
- ਆਂਗਣਵਾੜੀ ਵਰਕਰਜ਼
- ਡਾਕਟਰ/ਫੀਸੀਜੀਅਨਜ਼
- ਗੈਰ-ਸਿਆਸੀ ਵਿਅਕਤੀ, ਐਨ.ਜੀ.ਓ. ਅਤੇ ਕਲੱਬ
- ਔਰਤਾਂ ਦੇ ਸਵੈ-ਹੈਲਪ ਗਰੁੱਪ ਅਤੇ ਹੋਰ ਸ੍ਰੇਣੀਆਂ ਨਾਲ ਸਬੰਧਤ ਸਵੈ-ਹੈਲਪ ਗਰੁੱਪ
- ਪੜ੍ਹੇ-ਲਿਖੇ ਕੈਦੀ (ਚੰਗੇ ਆਚਰਣ ਵਾਲੇ) ਜੋ ਕਿ ਲੰਬੇ ਸਮੇਂ ਤੋਂ ਸਜਾ ਭੁਗਤ ਰਹੇ ਹਨ
- ਕੋਈ ਵੀ ਅਜਿਹਾ ਵਿਅਕਤੀ ਜੋ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫ਼ਰੀਦਕੋਟ ਅਤੇ ਸਬ ਡਵੀਜਨ ਲੀਗਲ ਸਰਵਿਸਜ਼ ਕਮੇਟੀ ਜੈਤੋ ਵੱਲੋਂ ਯੋਗ ਪਾਇਆ ਜਾਵੇਗਾ/ਜਾਵੇਗੀ।

11. ਨੱਥੀ ਦਸਤਾਵੇਜ਼ : 1.

2.

3.

4.

ਪ੍ਰਾਰਥੀ/ਪ੍ਰਾਰਥਣ ਦਾ ਨਾਮ ਅਤੇ ਹਸਤਾਖਰ

ਮਿਤੀ: ...............2025

# ਬਿਆਨ ਹਲਫੀਆ

ਮੈਂ.............................. ...ਪੁੱਤਰ/ਪੁੱਤਰੀ/ਪਤਨੀ ਸ੍ਰੀ............................,

ਵਾਸੀ ............................................................ ਦਾ/ਦੀ ਰਹਿਣ ਵਾਲਾ/ਵਾਲੀ ਹਾਂ ਅਤੇ ਹੇਠ ਲਿਖਿਆ ਹਲਫੀਆ ਬਿਆਨ ਕਰਦਾ/ਕਰਦੀ ਹਾਂ:

1) ਇਹ ਕਿ ਮੈਂ ............................................................ ਪਤੇ ਦਾ ਪੱਕਾ ਵਸਨੀਕ ਹਾਂ।
2) ਇਹ ਕਿ ਮੈਂ ............................ ਕਲਾਸ ਪਾਸ ਹਾਂ।
3) ਇਹ ਕਿ ਇਸ ਪ੍ਰੋਫਾਰਮੇ ਨਾਲ ਨੱਥੀ ਸਰਟੀਫਿਕੇਟ ਮੇਰੇ ਹਨ।
4) ਇਹ ਕਿ ਮੈਂ ................................ ਜਾਤੀ ਨਾਲ ਸਬੰਧ ਰੱਖਦਾ/ਰੱਖਦੀ ਹਾਂ।
5) ਇਹ ਕਿ ਮੈਂ ਸਮਾਜ ਸੇਵਾ ਕਰਨਾ ਚਾਹੁੰਦਾ/ਚਾਹੁੰਦੀ ਹਾਂ ਅਤੇ ਪੈਰਾ ਲੀਗਲ ਵਲੰਟੀਅਰ ਬਣਨਾ ਚਾਹੁੰਦਾ/ਚਾਹੁੰਦੀ ਹਾਂ।
6) ਇਹ ਕਿ ਮੇਰੇ ਖਿਲਾਫ਼ ਕਿਸੇ ਵੀ ਅਦਾਲਤ ਵਿਚ ਕਿਸੇ ਕਿਸਮ ਦਾ ਕੇਸ ਜਾਂ ਮੁਕੱਦਮਾ ਨਹੀਂ ਚੱਲਦਾ ਹੈ।
7) ਇਹ ਕਿ ਮੇਰਾ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ।
8) ਇਹ ਕਿ ਮੈਂ ਬਣਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਾਂਗਾ/ਕਰਾਂਗੀ।

ਬਿਆਨਕਰਤਾ

ਤਸਦੀਕ:

ਤਸਦੀਕ ਕੀਤਾ ਜਾਂਦਾ ਹੈ ਕਿ ਮੇਰਾ ਉਪਰੋਕਤ ਬਿਆਨ ਹਲਫੀਆ ਸਹੀ ਵਾ ਦਰੁਸਤ ਹੈ ਇਸ ਦੇ ਵਿਚ ਕੁਝ ਛੁਪਾ ਕੇ ਨਹੀਂ ਰੱਖਿਆ ਗਿਆ ਹੈ ।

ਬਿਆਨਕਰਤਾ